
# ਸਕੂਲ ਸਿੱਖਿਆ ਵਿਭਾਗ, ਪੰਜਾਬ

ਮੋਬਾਇਲ 'ਤੇ ਪੂਰਾ ਪਾਠ ਦੇਖਣ ਲਈ ਇਸ ਕੋਡ ਨੂੰ ਸਕੈਨ ਕਰੋ।

VIEW NOW

## ਭਾਰਤ : ਅਕਾਰ ਅਤੇ ਸਥਿਤੀ

# Home Assignment
# Class : 9th
# Social Studies



## Part-1 (Geography)

## ਭੂਗੋਲ



## ਪਾਠ:1(a)

(From Text-book Page No. 03 to 12)



# 1(a)–ਭਾਰਤ : ਆਕਾਰ ਅਤੇ ਸਥਿਤੀ

## ਜਾਣ–ਪਹਿਚਾਣ (Introduction):

→ ਭਾਰਤ ਸੰਸਾਰ ਵਿੱਚ ਆਕਾਰ ਪੱਖੋਂ ਸੱਤਵੇਂ ਨੰਬਰ’ਤੇ ਹੈ।

→ ਭਾਰਤ ਸੰਸਾਰ ਵਿੱਚ ਜਨਸੰਖਿਆ ਪੱਖੋਂ ਚੀਨ ਤੋਂ ਬਾਅਦ ਦੂਜੇ ਨੰਬਰ ’ਤੇ ਹੈ।

→ ਕੌਮੀ ਰਾਜਧਾਨੀ ਖੇਤਰ (National Capital Region) ਦਾ ਇਲਾਕਾ ਜਿਸਨੂੰ ‘ਨਵੀਂ ਦਿੱਲੀ’ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਇਸਦੀ ਰਾਜਧਾਨੀ ਹੈ।

→ ਭਾਰਤ ਦੀ ਤਰੱਕੀ ਵਿੱਚ ਗੰਗਾ–ਬ੍ਰਹਮਪੁੱਤਰ ਦੇ ਵਿਸ਼ਾਲ ਉਪਜਾਊ ਮੈਦਾਨਾਂ ਦੀ ਅਹਿਮ ਭੂਮਿਕਾ ਹੈ।


→ ਭਾਰਤ ਦੇ ਪ੍ਰਾਇਦੀਪੀ ਪਠਾਰ ਕੁਦਰਤੀ ਖਣਿਜਾਂ ਦਾ ਭੰਡਾਰ ਹਨ।

## ਭਾਰਤ ਦੀ ਸਥਿਤੀ (Location of India):

→ ਭਾਰਤ ਦਾ ਅਕਸ਼ਾਂਸ਼ੀ (Latitude) ਵਿਸਥਾਰ 8°4′ (ਅੱਠ ਡਿਗਰੀ ਚਾਰ ਮਿੰਟ) ਉੱਤਰ ਤੋਂ ਲੈ ਕੇ $37^0 6'$ ਉੱਤਰ ਤੱਕ ਅਤੇ ਦੇਸ਼ਾਂਤਰੀ (Longitude) ਵਿਸਥਾਰ $68^0 7'$ ਪੂਰਬ ਤੋਂ ਲੈ ਕੇ $97^0 25'$ ਪੂਰਬ ਤੱਕ ਹੈ।

→ ਭਾਰਤ ਦਾ ਉੱਤਰ ਤੋਂ ਦੱਖਣ ਤੱਕ ਖੇਤਰੀ ਵਿਸਥਾਰ 3214 ਕਿਲੋਮੀਟਰ ਅਤੇ ਪੂਰਬ ਤੋਂ ਪੱਛਮ ਤੱਕ ਖੇਤਰੀ ਵਿਸਥਾਰ 2933 ਕਿਲੋਮੀਟਰ ਹੈ।

→ ਭਾਰਤ ਦੇ ਪੂਰਬੀ ਅਤੇ ਪੱਛਮੀ ਕਿਨਾਰਿਆਂ ਦੇ ਸਮੇਂ ਵਿੱਚ ਦੋ ਘੰਟਿਆਂ ਦਾ ਫ਼ਰਕ ਹੈ।ਇਸੇ ਕਾਰਨ ਜਦੋਂ ਅਰੁਣਾਚਲ ਪ੍ਰਦੇਸ਼ ਵਿੱਚ ਸੂਰਜ ਨਿੱਕਲ ਰਿਹਾ ਹੁੰਦਾ ਹੈ ਤਾਂ ਉਸੇ ਸਮੇਂ ਸੌਰਾਸ਼ਟਰ (ਗੁਜਰਾਤ) ਵਿੱਚ ਰਾਤ ਹੁੰਦੀ ਹੈ।



→ ਭਾਰਤ ਦਾ ਮਾਣਕ ਸਮਾਂ (Indian Standard Time) $82^0 30'$ ਪੂਰਬ (Standard Meridian) ਤੋਂ ਮਿੱਥਿਆ ਜਾਂਦਾ ਹੈ।ਜੋ ਕਿ ਉੱਤਰ ਪ੍ਰਦੇਸ਼ ਵਿੱਚ ਅਲਾਹਾਬਾਦ ਦੇ ਸਥਾਨ ਤੋਂ ਲੰਘਿਆ ਮੰਨਿਆ ਜਾਂਦਾ ਹੈ।

→ ਭਾਰਤ ਦਾ ਮਾਣਕ ਸਮਾਂ (ਮਿਆਰੀ ਸਮਾਂ) $0^0$ ਮਾਧਿਆਨ ਰੇਖਾ (Prime Meridian) ਜੋ ਕਿ ਇੰਗਲੈਂਡ ਦੇ ਗਰੀਨਵਿੱਚ (Greenwich) ਨਾਮਕ ਸਥਾਨ ਤੋਂ ਲੰਘਦੀ ਹੈ, ਤੋਂ 05 ਘੰਟੇ 30 ਮਿੰਟ ਅੱਗੇ ਹੈ।

## ਬਹੁ-ਵਿਕਲਪੀ ਪ੍ਰਸ਼ਨ:

→ ਜਨਸੰਖਿਆ ਪੱਖੋਂ ਸੰਸਾਰ ਦਾ ਸਭ ਤੋਂ ਵੱਡਾ ਦੇਸ਼ ਹੈ:
(ੳ) ਚੀਨ (ਅ) ਭਾਰਤ (ੲ) ਆਸਟਰੇਲੀਆ (ਸ) ਯੂ.ਐੱਸ.ਏ.

→ ਭਾਰਤ ਦਾ ਦੇਸ਼ਾਂਤਰੀ ਵਿਸਥਾਰ ਹੈ:
(ੳ) $68^0 7'$ ਉੱਤਰ ਤੋਂ $97^0 25'$ ਉੱਤਰ ਤੱਕ (ਅ) $68^0 7'$ ਦੱਖਣ ਤੋਂ $97^0 25'$ ਦੱਖਣ ਤੱਕ
(ੲ) $68^0 7'$ ਪੂਰਬ ਤੋਂ $97^0 25'$ ਪੂਰਬ ਤੱਕ (ਸ) $68^0 7'$ ਪੱਛਮ ਤੋਂ $97^0 25'$ ਪੱਛਮ ਤੱਕ

→ ਭਾਰਤ ਦਾ ਇਸ ਦਿਸ਼ਾ ਦਾ ਖੇਤਰੀ ਵਿਸਥਾਰ 3214 ਕਿਲੋਮੀਟਰ ਹੈ:
(ੳ) ਉੱਤਰ ਤੋਂ ਦੱਖਣ (ਅ) ਪੂਰਬ ਤੋਂ ਪੱਛਮ (ੲ) ਉੱਤਰ ਤੋਂ ਪੂਰਬ (ਸ) ਦੱਖਣ ਤੋਂ ਪੱਛਮ

→ ਭਾਰਤ ਦਾ ਮਾਣਕ ਸਮਾਂ (Indian Standard Time) ਮਿੱਥਿਆ ਜਾਂਦਾ ਹੈ:
(ੳ) $82^0 30'$ ਪੂਰਬ ਤੋਂ (ਅ) $82^0 30'$ ਪੱਛਮ ਤੋਂ
(ੲ) $82^0 30'$ ਉੱਤਰ ਤੋਂ (ਸ) $82^0 30'$ ਦੱਖਣ ਤੋਂ

## ਖ਼ਾਲੀ ਥਾਵਾਂ ਭਰੋ:

→ ਸੰਸਾਰ ਦਾ ਆਕਾਰ ਪੱਖੋਂ ਸੱਤਵੇਂ ਨੰਬਰ ਦਾ ਦੇਸ਼ ______________ ਹੈ।

→ ਸੌਰਾਸ਼ਟਰ ਭਾਰਤ ਦੇ _________________ ਰਾਜ ਦਾ ਹਿੱਸਾ ਹੈ।

→ ਜਨਸੰਖਿਆ ਪੱਖੋਂ ਭਾਰਤ ਦਾ ਸੰਸਾਰ ਵਿੱਚ _________________ ਸਥਾਨ ਹੈ।

→ ਭਾਰਤ ਦਾ ਅਕਸ਼ਾਂਸ਼ੀ ਵਿਸਥਾਰ ___________ ਉੱਤਰ ਤੋਂ _________________ ਉੱਤਰ ਤੱਕ ਹੈ।

## ਸਹੀ / ਗਲਤ ਦੱਸੋ:

→ ਭਾਰਤ ਦੇ ਪ੍ਰਾਇਦੀਪੀ ਪਠਾਰ ਕੁਦਰਤੀ ਖਣਿਜਾਂ ਦਾ ਭੰਡਾਰ ਹਨ। ☐


→ ਭਾਰਤ ਦਾ ਪੂਰਬ ਤੋਂ ਪੱਛਮ ਤੱਕ ਖੇਤਰੀ ਵਿਸਥਾਰ 2339 ਕਿਲੋਮੀਟਰ ਹੈ। ☐

→ ਭਾਰਤ ਦਾ ਮਾਣਕ ਸਮਾਂ $0^0$ ਮਾਧਿਆਨ ਰੇਖਾ (Prime Meridian) ਤੋਂ 05 ਘੰਟੇ 20 ਮਿੰਟ ਅੱਗੇ ਹੈ। ☐

→ ਨਵੀਂ ਦਿੱਲੀ, ਕੌਮੀ ਰਾਜਧਾਨੀ ਖੇਤਰ (NCR) ਦਾ ਇੱਕ ਹਿੱਸਾ ਹੈ। ☐

ਸਕੂਲ ਸਿੱਖਿਆ ਵਿਭਾਗ, ਪੰਜਾਬ

# ਭਾਰਤ : ਸੰਸਾਰ ਵਿੱਚ (INDIA IN THE WORLD)




ਨਕਸ਼ਾ : ਭਾਰਤ ਸੰਸਾਰ ਵਿੱਚ

## ਉਪਰੋਕਤ ਦਿੱਤੇ ਗਏ ਨਕਸ਼ੇ ਦੇ ਆਧਾਰ ’ਤੇ ਸਹੀ ਜਾਂ ਗਲਤ ਚੁਣੋ:

→ ਭਾਰਤ ਏਸ਼ੀਆ ਮਹਾਂਦੀਪ ਦੇ ਉੱਤਰ ਵਿੱਚ ਸਥਿਤ ਹੈ।

→ ਭਾਰਤ ਦੇ ਦੱਖਣ ਵੱਲ ਹਿੰਦ ਮਹਾਂਸਾਗਰ ਹੈ।

→ ਭਾਰਤ ਦੇ ਪ੍ਰਾਇਦੀਪੀ ਪਠਾਰ ਦੇ ਪੱਛਮ ਵਿੱਚ ‘ਅਰਬ ਸਾਗਰ’ ਸਥਿਤ ਹੈ।

→ ਬੰਗਾਲ ਦੀ ਖਾੜੀ ਭਾਰਤ ਦੇ ਪ੍ਰਾਇਦੀਪੀ ਪਠਾਰ ਦੇ ਪੂਰਬ ਵਿੱਚ ਸਥਿਤ ਹੈ।

---

## ਮਹੱਤਵਪੂਰਨ ਤੱਥ :

→ ਭਾਰਤ ਦੇ ਮੱਧ ਵਿੱਚੋਂ ਲੰਘਦੀ ਹੋਈ ‘ਕਰਕ ਰੇਖਾ’ ਇਸਨੂੰ ਲਗਭਗ ਦੋ ਬਰਾਬਰ ਭਾਗਾਂ ਵਿੱਚ ਵੰਡਦੀ ਹੈ।

→ ਭਾਰਤ ਦੀ ਜ਼ਮੀਨੀ ਸਰਹੱਦ ਸੱਤ ਗੁਆਂਢੀ ਦੇਸ਼ਾਂ ਨਾਲ ਲੱਗਦੀ ਹੈ।

→ ਭਾਰਤੀ ਸਰਹੱਦ ਦੀ ਲੰਬਾਈ (ਕਿਲੋਮੀਟਰ ਵਿੱਚ) ਦੀ ਤਰਤੀਬ ਵਧਦੇ ਤੋਂ ਘਟਦੇ ਕ੍ਰਮ ਅਨੁਸਾਰ ਇਹਨਾਂ ਦੇਸ਼ਾਂ ਨਾਲ ਲੱਗਦੀ ਹੈ: ਬੰਗਲਾਦੇਸ਼, ਚੀਨ, ਪਾਕਿਸਤਾਨ, ਨੇਪਾਲ, ਮਿਆਂਮਾਰ, ਭੂਟਾਨ ਅਤੇ ਅਫ਼ਗਾਨਿਸਤਾਨ।

→ ਭਾਰਤ ਦੀ ਜ਼ਮੀਨੀ ਸਰਹੱਦ ਦੀ ਕੁੱਲ ਲੰਬਾਈ 15,200 ਕਿਲੋਮੀਟਰ ਅਤੇ ਸਮੁੰਦਰੀ ਤੱਟ ਰੇਖਾ ਦੀ ਲੰਬਾਈ 7516.6 ਕਿਲੋਮੀਟਰ ਹੈ।

ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜੀ ਅਤੇ ਸਮਾਜਿਕ ਸਿੱਖਿਆ

## ਸਹੀ ਮਿਲਾਨ ਕਰੋ:

ਭਾਰਤ ਦੀ ਅੰਤਰਰਾਸ਼ਟਰੀ ਸਰਹੱਦ ਦੀ ਲੰਬਾਈ (ਕਿਲੋਮੀਟਰ ਵਿੱਚ)

| ਦੇਸ਼ ਦਾ ਨਾਮ | ਸਰਹੱਦ ਦੀ ਲੰਬਾਈ (Km) |
| --- | --- |
| ਬੰਗਲਾਦੇਸ਼ | 3917 |
| ਪਾਕਿਸਤਾਨ | 1752 |
| ਮਿਆਂਮਾਰ | 3310 |
| ਅਫ਼ਗਾਨਿਸਤਾਨ | 1458 |
| ਚੀਨ | 4096 |
| ਨੇਪਾਲ | 587 |
| ਭੂਟਾਨ | 80 |

## ਸਹੀ ਕਥਨ ਦੀ ਪਹਿਚਾਣ ਕਰੋ:

→ (ੳ) ਭਾਰਤ ਪ੍ਰਬੰਧਕੀ ਪੱਖ ਤੋਂ 28 ਰਾਜਾਂ ਅਤੇ 8 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਹੈ।
→ (ਅ) ਭਾਰਤ ਪ੍ਰਬੰਧਕੀ ਪੱਖ ਤੋਂ 29 ਰਾਜਾਂ ਅਤੇ 7 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਹੈ।
→ (ੲ) ਭਾਰਤ ਪ੍ਰਬੰਧਕੀ ਪੱਖ ਤੋਂ 29 ਰਾਜਾਂ ਅਤੇ 8 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਹੈ।
→ (ਸ) ਭਾਰਤ ਪ੍ਰਬੰਧਕੀ ਪੱਖ ਤੋਂ 29 ਰਾਜਾਂ ਅਤੇ 9 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਹੈ।

**ਸਹੀ ਨੂੰ ਗੋਲਾ ਲਗਾਓ – (ੳ)  (ਅ)  (ੲ)  (ਸ)**

## ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਰਾਜਾਂ ਦੀ ਪਹਿਚਾਣ ਕਰੋ ਅਤੇ ਉਸ ਰਾਜ ਦਾ ਨਾਮ ਸਹੀ ਸਥਾਨ 'ਤੇ ਲਿਖੋ:

1. ਆਂਧਰਾ ਪ੍ਰਦੇਸ਼
2. ਆਸਾਮ
3. ਗੋਆ
4. ਹਰਿਆਣਾ
5. ਕਰਨਾਟਕ
6. ਪੰਜਾਬ
7. ਕੇਰਲ
8. ਮਨੀਪੁਰ
9. ਉੱਤਰ ਪ੍ਰਦੇਸ਼
10. ਪੱਛਮੀ ਬੰਗਾਲ



ਸਕੂਲ ਸਿੱਖਿਆ ਵਿਭਾਗ
ਅੰਗਰੇਜੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ
ਪੜ੍ਹਾਓ ਪੰਜਾਬ

# ਸਕੂਲ ਸਿੱਖਿਆ ਵਿਭਾਗ, ਪੰਜਾਬ

ਪਾਠ ਨਾਲ ਸਬੰਧਤ ਈ-ਕੰਟੈਂਟ ਦੀ ਵਿਡਿਓ ਦੇਖਣ ਲਈ ਸਕੈਨ ਕਰੋ।

WATCH NOW

THANKS

ਮੋਬਾਇਲ 'ਤੇ ਪੂਰਾ ਪਾਠ ਦੇਖਣ ਲਈ ਇਸ ਕੋਡ ਨੂੰ ਸਕੈਨ ਕਰੋ।

VIEW NOW

## ਭਾਰਤ : ਅਕਾਰ ਅਤੇ ਸਥਿਤੀ

**Part-1 (Geography)**

ਭੂਗੋਲ

ਪਾਠ:1 **Segment-1**

(From Text-book Page No. 03 to 12)



ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ-ਜਲੰਧਰ)